नामांक Roll No.

| | | | | | | |
|---|---|---|---|---|---|---|
| | | | | | | |

No. of Questions – 20

No. of Printed Pages – 8

# SS-25-Punjabi Sah.

## पंजाबी साहित्य (PUNJABI SAHITYA)

### उच्च माध्यमिक परीक्षा, 2022

**Time : 2¾ Hours**

**Maximum Marks : 80**

OFFICE COPY

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :**

(1) ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਲਿਖਣ ।

(2) **ਸਾਰੇ** ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ । **ਸਾਰੇ** ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ । ਪ੍ਰਸ਼ਨ ਨੰਬਰ **14** ਤੋਂ **20** ਤਕ ਆਂਤਰਿਕ ਵਿਕਲਪ ਹਨ ।

(3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ । ਜਿੰਨ੍ਹਾਂ ਪ੍ਰਸ਼ਨਾਂ ਦੇ **ਇੱਕ** ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

## ਖੰਡ – ੳ

1. ਹੇਠ ਲਿਖੇ ਪ੍ਰਸ਼ਨਾਂ ਦੇ **ਸਹੀ** ਵਿਕਲਪ ਦੀ ਚੋਣ ਕਰੋ : **12 × 1 = 12**

(I) 'ਪੁਰਖਿਆਂ ਦੇ ਰਸਤੇ 'ਤੇ' ਕਵਿਤਾ ਦਾ ਕਵੀ ਹੈ :

(ੳ) ਡਾ. ਪਾਲ ਕੌਰ (ਅ) ਸੰਤ ਰਾਮ ਉਦਾਸੀ

(ੲ) ਸੁਰਜੀਤ ਪਾਤਰ (ਸ) ਡਾ. ਵਨੀਤਾ

(II) ਤ੍ਰੈਲੋਚਨ ਲੋਚੀ ਦੀ ਕਾਵਿ ਰਚਨਾ ਹੈ :

(ੳ) ਔੜ (ਅ) ਅਰਦਾਸ ਕਰੀਂ

(ੲ) ਕਿਤਾਬਾਂ ਵਰਗੇ ਲੋਕ (ਸ) ਆਪਣੀ ਜਾਚੇ

(III) ਇਹ ਠਹਿਰਣ ਜਾਚ ਨਾ ਜਾਣਦਾ,
ਲੰਘ ਗਿਆ ਨਾ ਮੁੜ ਕੇ ਆਂਵਦਾ ।

ਉਪਰੋਕਤ ਸਤਰਾਂ ਕਿਸ ਕਵੀ ਦੀਆਂ ਹਨ :

(ੳ) ਭਾਈ ਵੀਰ ਸਿੰਘ (ਅ) ਪ੍ਰੋ. ਮੋਹਨ ਸਿੰਘ

(ੲ) ਪ੍ਰੋ. ਪੂਰਨ ਸਿੰਘ (ਸ) ਪਾਸ਼

(IV) ਪਿਆਰ ਅੱਗ ਇੰਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ ।

ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਹਨ :

(ੳ) ਪੰਜਾਬ ਦੇ ਮਜ਼ੂਰ (ਅ) ਹਲ ਵਾਹੁਣ ਵਾਲੇ

(ੲ) ਇਲਮ, ਅਮਲ (ਸ) ਪੰਜਾਬ ਦੇ ਦਰਿਆ

(V) "ਕਿੰਨਾ ਗੂੜਾ ਸਾਕ ਹੈ
ਅੱਖਰਾਂ ਤੇ ਰਿਜ਼ਕ ਦਾ ।"

ਉਪਰੋਕਤ ਸਤਰਾਂ ਵਿੱਚ ਆਏ 'ਰਿਜ਼ਕ' ਸ਼ਬਦ ਦਾ ਅਰਥ ਹੈ :

(ੳ) ਬੇਰੁਜ਼ਗਾਰੀ (ਅ) ਕਣਕ

(ੲ) ਰੁਜ਼ਗਾਰ (ਸ) ਮਿਹਨਤੀ

OFFICE COPY

(VI) ਕੀ ਰੁਸ ਗਿਆ ਤੇਰਾ ਢੋਲ ਕੁੜੇ ?
ਯਾ ਸੱਖਣੀ ਤੇਰੀ ਝੋਲ ਕੁੜੇ ?

ਉਪਰੋਕਤ ਸਤਰਾਂ 'ਚ ਆਏ 'ਢੋਲ' ਸ਼ਬਦ ਦਾ ਅਰਥ ਹੈ :

(ੳ) ਕਣਕ ਪਾਉਣ ਵਾਲਾ ਡਰੰਮ (ਅ) ਮੋਟਾ
(ੲ) ਵਜਾਉਣ ਵਾਲਾ ਸਾਜ਼ (ਸ) ਪਤੀ

(VII) ਗੁਰੂਆਂ ਦੇ ਆਖੇ ਸੁੱਚੇ ਬੋਲਾਂ ਨੂੰ ਹੈ ਪਾਲਣਾ,
ਧੀਆਂ ਤੇ ਧਰੇਕਾਂ ਦੀਆਂ ਛਾਵਾਂ ਨੂੰ ਹੈ ਭਾਲਣਾ ।

ਉਪਰੋਕਤ ਸਤਰਾਂ'ਚ ਆਏ 'ਧਰੇਕ' ਸ਼ਬਦ ਦਾ ਅਰਥ ਹੈ :

(ੳ) ਪਿੱਪਲ (ਅ) ਡੇਕ
(ੲ) ਕਿੱਕਰ (ਸ) ਬੋਹੜ

(VIII) 'ਕੋਈ ਇੱਕ ਸਵਾਰ' ਕਹਾਣੀ ਦਾ ਕਹਾਣੀਕਾਰ ਹੈ :

(ੳ) ਵਰਿਆਮ ਸਿੰਘ ਸੰਧੂ (ਅ) ਸੰਤੋਖ ਸਿੰਘ ਧੀਰ
(ੲ) ਨਾਨਕ ਸਿੰਘ (ਸ) ਅਮਨਪਾਲ ਸਾਰਾ

(IX) ਹਰਪਾਲ ਸਿੰਘ ਲੱਖੀਆਂ ਦੀ ਕਹਾਣੀ ਹੈ :

(ੳ) ਸੱਚ ਵੀ ਮੁਥਾਜ ਹੈ । (ਅ) ਆਤੂ ਖੋਜੀ
(ੲ) ਗੁੱਡ ਡੀਅਲ (ਸ) ਹਵਾ

OFFICE COPY

(X) "......... ਔਹ ਕਿੱਲੀ 'ਤੇ ਮੇਰੇ ਤੀਜੇ ਹਿੱਸੇ ਦੇ ਫੁੱਲ ਲਿਆ ਕੇ ਟੰਗ ਦਿਓ ......... ਜਦੋਂ ਮੇਰੀ ਪਹੁੰਚ ਪਈ ......... ਮੈਂ ਆਪੇ ਪਾ ਆਊਂ ।"

ਇਹ ਸਤਰਾਂ ਕਿਸ ਕਹਾਣੀ ਦੀਆਂ ਹਨ :

(ੳ) ਘੜੀ ਤਾਂ ਖਰਾਬ ਹੋ-ਗੀ ! (ਅ) ਸ਼ਹੀਦ ਦੀ ਮਾਂ
(ੲ) ਆਪਣਾ-ਆਪਣਾ ਹਿੱਸਾ (ਸ) ਭੂਆ

(XI) 'ਮੈਨੂੰ ਜਾਣਨੈ ?' ਕਹਾਣੀ ਦੇ ਮੈਂ ਪਾਤਰ ਨੇ ਸਾਂਗਲੇ ਸੰਬੰਧੀ ਕੀ ਸੁਣਿਆ ਹੋਇਆ ਸੀ :

(ੳ) ਉੱਥੇ ਇੱਕ ਨਹਿਰ ਹੈ । (ਅ) ਉੱਥੇ ਇੱਕ ਟਿੱਬਾ ਹੈ ।
(ੲ) ਉੱਥੇ ਇੱਕ ਖੂਹ ਹੈ । (ਸ) ਉੱਥੇ ਇੱਕ ਪਹਾੜੀ ਹੈ ।

(XII) "ਘੜੀ ਤਾਂ ਖ਼ਰਾਬ ਹੋ-ਗੀ !" ਕਹਾਣੀ ਦਾ ਮੁੱਖ ਪਾਤਰ ਹੈ :

(ੳ) ਕਰਮ ਸਿੰਘ (ਅ) ਕੁੰਢਾ
(ੲ) ਚੌਧਰੀ ਜੱਸਾ ਰਾਮ (ਸ) ਕੁੰਦਨ

2. ਹੇਠ ਲਿਖੀਆਂ ਖਾਲੀ ਥਾਵਾਂ ਭਰੋ – 6 × 1 = 6

I. ਗਲ ਲੱਗ ਕੇ .......... ਦੇ ਜੱਟ ਰੋਵੇ,

.......... ਵਿੱਚੋਂ ਨੀਰ ਵਗਿਆ।

II. ਰਹੀ ਵਾਸਤੇ ਘੱਤ, .......... ਇੱਕ ਨ ਮੰਨੀ।

ਫੜ੍ਹ-ਫੜ੍ਹ .........., ਸਮੇਂ ਖਿਸਕਾਈ ਕੰਨੀ।

III. .......... ਜ਼ਿੰਦ ਅਜ਼ਾਬੋਂ ਛੁੱਟੀ।

IV. ਨੌ ਸੌ ਚੂਹੇ ਖਾ ਕੇ ਬਿੱਲੀ .........।

V. .......... ਫਿੱਕਾ ਪਕਵਾਨ।

VI. ਸ਼ਿੰਗਾਰ ਰਸ ਦਾ ਸਥਾਈ ਭਾਵ .......... ਹੈ।

3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : 12 × 1 = 12

I. 'ਕਿਤਾਬਾਂ ਵਰਗੇ ਲੋਕਾਂ ਨੂੰ' ਗ਼ਜ਼ਲ ਵਿੱਚ ਲੋਕਾਂ ਨੂੰ 'ਕਿਤਾਬਾਂ ਵਰਗੇ' ਕਿਉਂ ਕਿਹਾ ਗਿਆ ਹੈ ?

II. 'ਉੱਲੂ ਬਣਾਉਣਾ' ਮੁਹਾਵਰੇ ਦਾ ਅਰਥ ਹੈ।

III. 'ਇੱਟ ਕੁੱਤੇ ਦਾ ਵੈਰ ਹੋਣਾ' ਮੁਹਾਵਰੇ ਦਾ ਵਾਕ ਬਣਾਕੇ ਅਰਥ ਸਪੱਸ਼ਟ ਕਰੋ।

**(IV-VI)** ਹੇਠ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ :

IV. ਉਸਦੇ ਹੱਥ ਤੇ ਸੱਟ ਵੱਜ ਗਈ

V. ਹੈਂ ਰੂਪ ਵੀ ਫ਼ੇਲ ਹੋ ਗਿਆ

VI. ਗੁਰ ਸਾਖੀ ਜੋਤਿ ਪਰਗਟੁ ਹੋਇ

ਜੋ ਤਿਸੁ ਭਾਵੈ ਸੁ ਆਰਤੀ ਹੋਇ

OFFICE COPY

**(VII-XII)** ਵਾਕ ਬੋਧ :-

VII. ਸਿਪਾਹੀ ਨੇ ਬਦਮਾਸ਼ ਨੂੰ ਫੜ੍ਹ ਲਿਆ ।

(ਵਾਕ ਵਿੱਚੋਂ ਉਦੇਸ਼ ਚੁਣੋ)

VIII. ਬੱਚੀਆਂ ਖੇਡ ਰਹੀਆਂ ਹਨ ।

(ਬਣਤਰ ਦੇ ਆਧਾਰ 'ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ ।)

IX. ਜਤਿੰਦਰ ਹੱਸ ਰਿਹਾ ਹੈ ਕਿਉਂਕਿ ਉਹ ਜਿੱਤ ਗਿਆ ।

(ਬਣਤਰ ਦੇ ਆਧਾਰ 'ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ ।)

X. ਮਿਹਨਤੀ ਲੋਕ ਕਦੇ ਹਾਰ ਨਹੀਂ ਮੰਨਦੇ ।

(ਕਾਰਜ ਦੇ ਆਧਾਰ 'ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ ।)

XI. ਰਾਜਵੀਰ ਤੇਰਾ ਪਿੰਡ ਕਿਹੜਾ ਹੈ ?

(ਕਾਰਜ ਦੇ ਆਧਾਰ 'ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ ।)

XII. ਬੱਚਾ ਰੋ ਰਿਹਾ ਹੈ ।

(ਵਾਕ ਵਿੱਚੋਂ ਕਿਰਿਆ ਵਾਕੰਸ਼ ਦੱਸੋ ।)

## ਖੰਡ —ਅ

**4-13** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **10 × 2 = 20**

ਸਾਰਾ ਸਾਲ ਉਡੀਕਦਿਆਂ ਅੰਤ ਨੂੰ ਪ੍ਰੀਖਿਆ ਦਾ ਸਮਾਂ ਆ ਹੀ ਜਾਂਦਾ ਹੈ । ਦਿਨ-ਰਾਤ ਕੀਤੀ ਮਿਹਨਤ, ਪ੍ਰੀਖਿਆ ਲਈ ਤਿਆਰ ਕੀਤੇ ਨੋਟ ਅਤੇ ਅਧਿਆਪਕਾਂ ਦੀਆਂ ਸਮਝਾਈਆਂ ਗੱਲਾਂ ਆਦਿ ਨੂੰ ਪਰਖੇ ਜਾਣ ਦੀ ਘੜੀ ਆ ਜਾਂਦੀ ਹੈ । ਵਿਦਿਆਰਥੀ ਪ੍ਰੀਖਿਆ-ਕੇਂਦਰ ਅੱਗੇ ਬੇਤਾਬ ਹੋ ਕੇ ਖੜ੍ਹੇ ਹੁੰਦੇ ਹਨ । ਇਸ ਸਮੇਂ, ਇੱਕ ਪਾਸੇ ਤੌਖਲਾ ਹੁੰਦਾ ਹੈ ਕਿ ਪਰਚਾ ਪਤਾ ਨਹੀਂ ਕਿਹੋ-ਜਿਹਾ ਆਵੇਗਾ । ਦੂਜੇ ਪਾਸੇ ਹੁਣ ਤੱਕ ਦਾ ਪੜ੍ਹਿਆ ਯਾਦ ਰੱਖਣ ਦੀ ਕੋਸ਼ਿਸ਼ ਹੁੰਦੀ ਹੈ । ਇਹ ਵੀ ਡਰ ਹੁੰਦਾ ਹੈ ਕਿ ਪਰਚਾ ਕਿਤੇ ਸਿਲੇਬਸ ਦੇ ਬਾਹਰੋਂ ਨਾ ਆ ਜਾਵੇ । ਜਿੰਨ੍ਹਾਂ ਨੇ ਸਾਲ ਭਰ ਮਿਹਨਤ ਕੀਤੀ ਹੁੰਦੀ ਹੈ, ਉਹਨਾਂ ਵਿੱਚ ਆਤਮ-ਵਿਸ਼ਵਾਸ਼ ਹੁੰਦਾ ਹੈ । ਉਹ ਪਰਚਾ ਪ੍ਰਾਪਤ ਕਰਕੇ ਪਹਿਲਾਂ ਉਸਨੂੰ ਸਹਿਜ ਨਾਲ ਪੜ੍ਹਦੇ ਹਨ ਅਤੇ ਫ਼ਿਰ ਤਰਤੀਬ ਵਾਰ ਪ੍ਰਸ਼ਨਾਂ ਨੂੰ ਹੱਲ ਕਰਦੇ ਹਨ । ਦੂਜੇ ਪਾਸੇ ਜਿਹੜੇ ਵਿਦਿਆਰਥੀ ਸਾਲ ਭਰ ਮਿਹਨਤ ਤੋਂ – ਕੰਨੀਂ ਕਤਰਾਉਂਦੇ ਰਹਿੰਦੇ ਹਨ, ਉਹਨਾਂ ਲਈ ਇਹ ਵਕਤ ਬੜ੍ਹਾ ਔਖਾ ਹੁੰਦਾ ਹੈ । ਇਸ ਵਕਤ ਉਹ ਪਰਾਏ ਆਸਰਿਆਂ ਵੱਲ ਤੱਕਦੇ ਹਨ ।

OFFICE COPY

**4-8** ਉਪਰੋਕਤ ਪੈਰ੍ਹੇ ਨੂੰ ਪੜ੍ਹਕੇ ਹੇਠ ਲਿਖੇ **(4-8)** ਪ੍ਰਸ਼ਨਾਂ ਦੇ ਉੱਤਰ ਦਿਓ –

4. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਓ ।

5. ਪ੍ਰੀਖਿਆ ਕਿਸਨੂੰ ਪਰਖੇ ਜਾਣ ਦੀ ਘੜੀ ਹੁੰਦੀ ਹੈ ?

6. ਸਾਰਾ ਸਾਲ ਮਿਹਨਤ ਕਰਨ ਵਾਲੇ ਵਿਦਿਆਰਥੀ ਪਰਚਾ ਪ੍ਰਾਪਤ ਕਰਕੇ ਕੀ ਕਰਦੇ ਹਨ ?

7. ਪ੍ਰੀਖਿਆ ਦਾ ਵਕਤ ਕਿੰਨ੍ਹਾਂ ਲਈ ਔਖਾ ਹੁੰਦਾ ਹੈ ਅਤੇ ਉਹ ਇਸ ਵਕਤ ਕੀ ਕਰਦੇ ਹਨ ?

8. ਔਖੇ ਸ਼ਬਦਾਂ ਦੇ ਅਰਥ ਲਿਖੋ –

ਵਕਤ, ਅੰਤ, ਤੌਖ਼ਲਾ, ਪਰਾਏ ।

9. 'ਬੀਰ ਰਸ' ਦੀ ਉਦਾਹਰਨ ਲਿਖੋ ।

10. 'ਆਤੂ ਖੋਜੀ' ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ ?

11. 'ਵੱਢ ਖਾਣੀਆਂ ਸੱਸਾਂ ਦਾ ਰੂਪ ਧਾਰਿਆ, ਹੈ ਸਾਡੀਆਂ ਸਮਾਜੀ ਕਦਰਾਂ' ਤੁਕ ਕਿਸ ਪ੍ਰਸੰਗ ਵਿੱਚ ਆਈ ਹੈ ਤੇ ਕਿਉਂ ?

12. 'ਇਨਸਾਨਸਤਾਨ' ਕਵਿਤਾ ਸਾਨੂੰ ਕੀ ਸੰਦੇਸ਼ ਪ੍ਰਦਾਨ ਕਰਦੀ ਹੈ ?

13. 'ਹਲ ਵਾਹੁਣ ਵਾਲੇ' ਕਵਿਤਾ ਰਾਂਹੀ ਕਵੀ ਕੀ ਦੱਸਣਾ ਚਾਹੁੰਦਾ ਹੈ ? ਬਿਆਨ ਕਰੋ ।

**ਖੰਡ – ੲ**

**14 – 17 ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **4 × 3 = 12**

14. ਹੋਰਾਂ ਵਾਂਗੂ ਨ੍ਹੇਰਾ ਢੱਦੇ ਰਾਤ ਬ–ਰਾਤੇ ਜੀ ਲੈਣਾ ਸੀ,
ਦਿਲ ਨੂੰ ਜੇਕਰ ਅੱਗ ਨ ਲਗਦੀ, ਮੈਂ ਚਾਨਣ ਤੋਂ ਕੀ ਲੈਣਾ ਸੀ ।
ਅੰਨ੍ਹੀ ਭੀੜ 'ਚ ਅੱਖਾਂ ਵਾਲੇ ਤੁਰਦੇ ਵੀ ਤਾਂ ਕਿੱਥੇ ਤੁਰਦੇ,
ਖੜ੍ਹ ਕੇ ਸਭ ਨੂੰ ਰਾਹ ਦੇਣਾ ਸੀ, ਬਚ ਕੇ ਰਸਤਾ ਵੀ ਲੈਣਾ ਸੀ ।
ਘਰ ਦੇ ਘੜਿਆਂ ਅੰਦਰ ਪੈ ਕੇ, ਸਿਆਣਾ ਪਾਣੀ ਸੋਚੇ ਅਕਸਰ,
ਮੈਨੂੰ ਨਦੀਏਂ ਵਗਦੇ ਨੂੰ ਵੀ ਰੇਤਾਂ ਨੇ ਹੀ ਪੀ ਲੈਣਾ ਸੀ ।

(I) ਉਪਰੋਕਤ ਕਾਵਿ–ਬੰਦ ਦਾ ਪ੍ਰਸੰਗ ਲਿਖੋ ।
(II) ਉਪਰੋਕਤ ਕਾਵਿ–ਬੰਦ ਦੀ ਸਰਲ ਵਿਆਖਿਆ ਕਰੋ ।
(III) ਔਖੇ ਸ਼ਬਦਾਂ ਦੇ ਅਰਥ ਲਿਖੋ –
ਚਾਨਣ, ਘੜ੍ਹਾ, ਸਿਆਣਾ, ਅਕਸਰ

**ਜਾਂ**

ਖਲੋਅ ਗਿਆ ਏ ਭਾਂਦਰੋ ਅੜ੍ਹ ਕੇ,
ਚੜ੍ਹੀ ਏ ਗਹਿਰ ਚੌਫ਼ੇਰੇ,
ਨਾ ਬਣਦੇ, ਨਾ ਬਰਸਦੇ ਬੱਦਲ,
ਵਿਗੜ ਗਿਆ ਏ ਮਿਜ਼ਾਜ਼,
ਅੰਦਰ–ਬਾਹਰ ਔੜ੍ਹ ਹੀ ਔੜ੍ਹ ।

(I) ਉਪਰੋਕਤ ਕਾਵਿ–ਬੰਦ ਦਾ ਪ੍ਰਸੰਗ ਲਿਖੋ ।
(II) ਉਪਰੋਕਤ ਕਾਵਿ–ਬੰਦ ਦੀ ਸਰਲ ਵਿਆਖਿਆ ਕਰੋ ।
(III) ਔਖੇ ਸ਼ਬਦਾਂ ਦੇ ਅਰਥ ਲਿਖੋ :
ਚੌਫ਼ੇਰੇ, ਬਰਸਦੇ, ਮਿਜ਼ਾਜ਼, ਔੜ੍ਹ

15. ਖ਼ਨਗਾਹੀਂ ਦੀਵਾ ਬਾਲਣ ਨਾਲ ਕਿਹੜੇ-ਕਿਹੜੇ ਸੰਸੇ ਦੂਰ ਹੋ ਜਾਂਦੇ ਹਨ ?

**ਜਾਂ**

'ਹੱਥਾਂ ਦੇ ਵਿੱਚ ਡਿਗਰੀਆਂ' ਗ਼ਜ਼ਲ ਕਿਹੜੀਆਂ ਸਮਾਜਕ ਸਮੱਸਿਆਵਾਂ ਦਾ ਜ਼ਿਕਰ ਕਰਦੀ ਹੈ ? ਵਿਸਥਾਰ ਸਹਿਤ ਬਿਆਨ ਕਰੋ ।

16. 'ਭੂਆ' ਜਾਂ ਬਾਰੂ ਦੀ ਪਾਤਰ ਉਸਾਰੀ ਕਰੋ ।

**ਜਾਂ**

'ਸ਼ਹੀਦ ਦੀ ਮਾਂ' ਕਹਾਣੀ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ ।

17. ਕਿਸੇ ਇੱਕ ਸਿਰਲੇਖ ਅਨੁਸਾਰ ਕਹਾਣੀ ਰਚਨਾ ਕਰੋ :

ਅੰਤ ਭਲੇ ਦਾ ਭਲਾ

**ਜਾਂ**

ਪਿਆਸਾ ਕਾਂ

## ਖੰਡ —ਸ

**3 × 6 = 18**

**18 – 20** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :

18. ਕਿਸੇ **ਇੱਕ** ਵਿਸ਼ੇ ਉੱਪਰ ਲੇਖ ਰਚਨਾ ਕਰੋ –

ਮੇਰਾ ਮਨਭਾਉਂਦਾ ਕਵੀ

**ਜਾਂ**

ਪੰਜਾਬ ਦੀਆਂ ਲੋਕ ਖੇਡਾਂ

**ਜਾਂ**

ਇਸਤਰੀ ਦਾ ਸਮਾਜ ਵਿੱਚ ਸਥਾਨ

19. ਕਿਸੇ **ਇੱਕ** ਸਾਹਿਤ ਰੂਪ ਦਾ ਅਰਥ, ਪਰਿਭਾਸ਼ਾ ਅਤੇ ਤੱਤਾਂ ਦਾ ਵਰਣਨ ਕਰੋ –

ਰੇਖਾ ਚਿੱਤਰ

**ਜਾਂ**

ਕਵਿਤਾ

20. ਕਿਸੇ **ਇੱਕ** ਦਾ ਸੰਖੇਪ ਇਤਿਹਾਸ ਲਿਖੋ –

ਪੰਜਾਬੀ ਨਾਟਕ ਦਾ ਇਤਿਹਾਸ

**ਜਾਂ**

ਪੰਜਾਬੀ ਨਿੱਕੀ ਕਹਾਣੀ ਦਾ ਇਤਿਹਾਸ

OFFICE COPY
DO NOT WRITE ANYTHING HERE

CONFIDENTIAL

DO NOT WRITE ANYTHING HERE

CONFIDENTIAL